# ਗੁਰੂ ਗ੍ਰੰਥ ਸਾਹਿਬ ਦਾ ਵਿਚਾਰ ਪ੍ਰਬੰਧ

ਪ੍ਰਸ਼ਨ:- ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਚਾਰ ਪ੍ਰਬੰਧ ਉੱਪਰ ਵਿਚਾਰ ਕਰੋ। ਜਾਂ

ਗੁਰੂ ਗ੍ਰੰਥ ਸਾਹਿਬ ਵਿਚ ਪ੍ਰਗਟਾਏ ਪ੍ਰਮੁੱਖ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿਚ ਲਿਖੋ। ਜਾਂ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਚਾਰ ਪ੍ਰਬੰਧ ਬਾਰੇ ਤੁਸੀਂ ਕੀ ਜਾਣਦੇ ਹੋ?

Scanned with CamScanner

**ਉੱਤਰ**:- ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਧਰਮ ਦਾ ਇਕ ਧਾਰਮਿਕ ਗ੍ਰੰਥ ਹੈ। ਇਸ ਗ੍ਰੰਥ ਨੂੰ ਕੇਵਲ ਸਿੱਖ ਜਗਤ ਵਿਚ ਹੀ ਨਹੀਂ, ਸਗੋਂ ਵਿਸ਼ਵ ਵਿਚ ਵੀ ਮਾਨਤਾ ਅਤੇ ਸਤਿਕਾਰ ਪ੍ਰਾਪਤ ਹੋਇਆ ਹੈ।

ਵਿਸ਼ਵ ਪ੍ਰਸਿੱਧ ਲੇਖਿਕਾ **ਮਿਸ ਪਰਲ ਬੱਕ** ਨੇ ਇਸ ਮਹਾਨ ਧਾਰਮਿਕ ਗ੍ਰੰਥ ਬਾਰੇ ਲਿਖਿਆ ਹੈ, "ਗੁਰੂ ਗ੍ਰੰਥ ਸਾਹਿਬ ਦੀ ਇਕ ਵਿਸ਼ੇਸ਼ਤਾ ਤਾਂ ਅਸਚਰਜ ਰੂਪ ਵਿਚ ਆਧੁਨਿਕ ਹੋਣ ਦੀ ਹੈ। ਇਸ ਬਾਣੀ ਦਾ ਉਦੇਸ਼ ਇਕ ਧਰਮ ਤੱਕ ਹੀ ਸੀਮਤ ਨਹੀਂ, ਸਗੋਂ ਇਹ ਸਭ ਧਰਮਾਂ ਦੇ ਮਾਨਵ ਨੂੰ ਸੰਬੋਧਨ ਕਰਦੀ ਹੈ। ਇਹ ਮਨੁੱਖੀ ਦਿਲਾਂ ਨਾਲ ਸਾਂਝ ਪਾਉਂਦੀ ਹੈ ਅਤੇ ਆਤਮ ਖੋਜ ਵਿਚ ਲੱਗੇ ਮਨਾਂ ਨਾਲ ਗੱਲਾਂ ਕਰਦੀ ਹੈ।"

**ਅਰਨਲਡ ਟੋਇਨਬੀ** (Arnold Toynbee):- ਇਸ ਵਿਦਵਾਨ ਨੇ ਵੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਸ਼ੰਸਾ ਵਿਚ ਆਖਿਆ ਹੈ, "ਦੁਨੀਆ ਦੇ ਸਾਰੇ ਹਿੱਸਿਆਂ ਅਤੇ ਮਾਨਵ ਜਾਤੀ ਦੀਆਂ ਸਭ ਸ਼੍ਰੇਣੀਆਂ ਵਿਚਕਾਰ ਵਸ ਰਹੇ ਸੰਚਾਰ ਸਦਕੇ ਸੰਸਾਰ ਦੇ ਵਰਤਮਾਨ ਉਚੇਰੇ ਧਰਮ ਇਕ ਦੂਜੇ ਨੂੰ ਪਹਿਲਾਂ ਨਾਲੋਂ ਕਿਤੇ ਵੱਧ ਪ੍ਰਭਾਵਿਤ ਕਰਨ ਵਾਲੇ ਹਨ। ਇਸ ਹੋਣ ਵਾਲੇ ਧਾਰਮਿਕ ਵਿਚਾਰ-ਵਟਾਂਦਰੇ ਵਿਚ ਸਿੱਖ ਧਰਮ ਅਤੇ ਉਸ ਦੀ ਧਰਮ ਪੁਸਤਕ 'ਆਦਿ ਗ੍ਰੰਥ' ਕੋਲ ਬਾਕੀ ਦੁਨੀਆ ਨੂੰ ਦੱਸਣ ਲਈ ਵਿਸ਼ੇਸ਼ ਅਤੇ ਵੱਡਮੁੱਲੀ ਵਸਤ ਹੋਵੇਗੀ।"

ਇੰਝ ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਅਜਿਹਾ ਗ੍ਰੰਥ ਹੈ, ਜਿਸ ਵਿਚ ਮਹਾਨ ਵਿਚਾਰਧਾਰਾ ਸਮੋਈ ਹੋਈ ਹੈ। ਇਸ ਵਿਚਲੀ ਵਿਚਾਰਧਾਰਾ ਨੂੰ ਅਸੀਂ ਦੋ ਭਾਗਾਂ ਵਿਚ ਵੰਡ ਸਕਦੇ ਹਾਂ- (ੳ) ਅਧਿਆਤਮਵਾਦ (ਦਾਰਸ਼ਨਿਕ) ਵਿਚਾਰ, (ਅ) ਸਦਾਚਾਰਕ ਵਿਚਾਰ।

ਹੇਠਾਂ ਅਸੀਂ ਇਨ੍ਹਾਂ ਦੋਵਾਂ ਸੰਬੰਧੀ ਚਰਚਾ ਕਰ ਰਹੇ ਹਾਂ-

**ਅਧਿਆਤਮਵਾਦੀ (ਦਾਰਸ਼ਨਿਕ) ਵਿਚਾਰ**:- ਗੁਰਬਾਣੀ ਆਪਣੇ ਆਪ ਵਿਚ ਇਕ ਅਧਿਆਤਮਕ ਕਾਵਿ ਹੈ। ਹਰ ਅਧਿਆਤਮਕ ਕਾਵਿ ਦਾਰਸ਼ਨਿਕ ਮਾਨਤਾਵਾਂ ਨੂੰ ਆਪਣੇ ਅੰਦਰ ਸੰਭਾਲੀ ਰੱਖਦਾ ਹੈ। ਜੇ ਅਸੀਂ ਸੰਸਾਰ ਦੇ ਅਧਿਆਤਮਕ ਸਾਹਿਤ ਦਾ ਅਧਿਐਨ ਕਰੀਏ ਤਾਂ ਉਸ ਵਿਚ ਵਧੇਰੇ ਬ੍ਰਹਮ, ਜੀਵ (ਆਤਮਾ) ਨੂੰ ਅਲਖ, ਨਿਰਗੁਣ, ਅਗੰਮ, ਅਗੋਚਰ ਕਿਹਾ ਹੈ।

**ਬ੍ਰਹਮ**:- **ਡਾ. ਮਨਮੋਹਣ ਸਿੰਘ** ਅਨੁਸਾਰ, ਬ੍ਰਹਮ ਦੇ ਪ੍ਰਥਾਇ ਅਨੇਕ ਸ਼ਬਦਾਂ ਦੀ ਰਚਨਾ ਕੀਤੀ ਗਈ ਹੈ ਜਿਵੇਂ ਬ੍ਰਹਮ, ਹਰਿ, ਨਿਰੰਜਨ, ਗੋਬਿੰਦ, ਰਾਮ, ਪ੍ਰਭ, ਨਰਾਇਣ, ਦੀਨਾਨਾਥ, ਸੁਆਮੀ, ਰਘੂਨਾਥ, ਘਣੱਈਆ ਆਦਿ। ਉਹਨਾਂ ਨੇ ਬ੍ਰਹਮ ਨੂੰ ਦੋ ਰੂਪਾਂ ਵਿਚ ਚਿਤਰਿਆ ਹੈ- ਨਿਰਗੁਣ ਤੇ ਸਰਗੁਣ। ਨਿਰਗੁਣ ਭਾਵ ਅਮੂਰਤ ਬ੍ਰਹਮ ਹੀ ਨਿਰਗੁਣ, ਨਿਰਾਕਾਰ ਬ੍ਰਹਮ ਹੈ। ਸਰਗੁਣ ਬ੍ਰਹਮ ਦੇ ਪ੍ਰਗਟਾਅ ਲਈ ਹੇਠ ਲਿਖੀਆਂ ਸਤਰਾਂ ਇਸ ਦਾ ਪ੍ਰਗਟਾਅ ਕਰਦੀਆਂ ਹਨ-

*ਬ੍ਰਹਮ ਜਗਤ ਅਤੇ ਜੀਵਦਾ ਕਰਤਾ*

ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਨੇ ਹੇਠ ਲਿਖੇ ਸ਼ਬਦ ਵਿਚ ਉਚਾਰਿਆ ਹੈ:-

*ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥*

ਬ੍ਰਹਮ ਦੀ ਹਸਤੀ ਤੋਂ ਹੀ ਸਾਰੀ ਸ੍ਰਿਸ਼ਟੀ ਹੋਂਦ ਵਿਚ ਆਈ।

*ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ॥*

ਗੁਰਬਾਣੀ ਵਿਚ ਕਿਹਾ ਗਿਆ ਹੈ ਕਿ ਬ੍ਰਹਮ ਦਾ ਕੋਈ ਕਰਤਾ ਨਹੀਂ ਹੈ:-

*ਥਾਪਿਆ ਨ ਜਾਇ ਕੀਤਾ ਨ ਹੋਇ। ਆਪੇ ਆਪ ਨਿਰੰਜਨ ਸੋਇ॥*

**ਜੀਵ ਆਤਮਾ**:- ਸ੍ਰਿਸ਼ਟੀ ਵਿਚ ਜੀਵ ਇਕ ਮਹੱਤਵਪੂਰਨ ਪ੍ਰਾਣੀ ਹੈ, ਜੀਵ ਆਤਮਾ ਕੀ ਹੈ? ਗੁਰਬਾਣੀ ਵਿਚ ਜੀਵ ਆਤਮਾ ਨੂੰ ਪਰਮਾਤਮਾ ਦਾ ਹੀ ਇਕ ਰੂਪ ਮੰਨਿਆ ਹੈ, ਕਿਉਂਕਿ ਬ੍ਰਹਮ ਨੇ ਆਪਣੀ ਜੋਤ ਵਿਚੋਂ ਉਸ ਨੂੰ ਪੈਦਾ ਕੀਤਾ ਹੈ। ਬ੍ਰਹਮ ਪੂਰਾ ਹੈ ਅਤੇ ਜੀਵ ਆਤਮਾ ਊਰ ਹੈ। ਜਦੋਂ ਜੀਵਾਤਮਾ ਪ੍ਰਭੂ ਵਿਚ ਲੀਨ ਹੋਵੇਗੀ ਤਾਂ ਵੀ ਬ੍ਰਹਮ ਬੇਅੰਤ ਹੀ ਰਹੇਗਾ। ਜੀਵ ਆਤਮਾ ਪ੍ਰਭੂ ਦੇ ਹੁਕਮ ਅਨੁਸਾਰ ਹੀ ਸੰਸਾਰ ਵਿਚ ਆਉਂਦੀ ਹੈ। ਉਸ ਨੂੰ ਪੂਰਨਤਾ ਨਾਮ ਤੇ ਜਾਪ ਤੋਂ ਪ੍ਰਾਪਤ ਹੁੰਦੀ ਹੈ ਜਿਸ ਕਾਰਣ ਉਹ ਨਿਰੰਕਾਰ ਦੇ ਹੁਕਮ ਵਿਚ ਚਲਦਾ ਹੈ ਜਿਵੇਂ:-

*ਜੋ ਹਰਿ ਜਨ ਨਾਮ ਧਿਆਇਕੇ ਹਰਿ ਹਰਿ ਜਨ ਇਕ ਸਮਾਨਿ।*

ਜੀਵ ਆਤਮਾ ਦਾ ਸਰੀਰ ਵੀ ਨਿਹਫਲ ਹੁੰਦਾ ਹੈ ਜਦ ਤੱਕ ਉਹ ਪ੍ਰਭੂ ਨਾਮ ਸਿਮਰਨ ਨਹੀਂ ਕਰਦੀ ਹੈ। ਗੁਰਬਾਣੀ ਵਿਚ ਕਿਹਾ ਗਿਆ ਹੈ:-

*ਹਰਿ ਨਾਮੁ ਨ ਸਿਮਰਹਿ ਸਾਧ ਸੰਗਿ ਤੈ ਤਨਿ ਉਡੈ ਖੇਹ।*
*ਜਿਨਿ ਕੀਤੀ ਤਿਸੈ ਨ ਜਾਣਈ ਨਾਨਕ ਫਿਟੁ ਅਲੂਣੀ ਦੇਹ।*

ਗੁਰਬਾਣੀ ਵਿਚ ਜੀਵ ਆਤਮਾ ਲਈ ਅਨੇਕਾਂ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ ਇਸ ਦਾ ਵੇਰਵਾ **ਡਾ. ਮਨਮੋਹਣ ਸਿੰਘ** ਨੇ ਦਿੱਤਾ ਹੈ ਜਿਵੇਂ ਹੰਸ, ਜੀਉ, ਆਪਾ, ਮਾਨਸ ਜਨ, ਲੋਕ, ਉਰ, ਜੀਅ ਪ੍ਰਾਣ, ਨਰ, ਪ੍ਰਾਣੀ, ਹੀਅ, ਚਿੱਤ ਆਦਿ। ਗੁਰਬਾਣੀ ਵਿਚ ਜੀਵ ਨੂੰ ਮੂਰਖ ਤੇ ਮੂੜ ਕਿਹਾ ਗਿਆ ਹੈ, ਇਸ ਦੀ ਉਦੇਸ਼ ਪ੍ਰਾਪਤੀ ਬ੍ਰਹਮ ਨਾਲ ਸੰਪੂਰਨ ਅਭੇਦਤਾ ਦੀ ਹਾਲਤ ਵਿਚ ਹੈ। ਗੁਰਮਤਿ-ਕਾਵਿ ਦੀਆਂ ਹੇਠ ਲਿਖੀਆਂ ਸਤਰਾਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ:-

*ਨਾਨਕ ਲੀਨ ਭਇਓ ਗੋਬਿੰਦ ਸਿਉਂ ਜਿਉਂ ਪਾਨੀ ਸੰਗ ਪਾਨੀ॥*

ਜੀਵਾਤਮਾ ਦੀ ਸੰਸਾਰੀ ਯਾਤਰਾ ਦਾ ਕਾਰਣ ਵੀ ਹਉਮੈ ਹੈ। ਇਹੀ ਜੀਵ ਦਾ ਕਰਤਾ ਤੇ ਕਾਰਣ ਹੈ, ਗੁਰਬਾਣੀ ਅਨੁਸਾਰ:-

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਇ॥*
*ਹਉਮੈ ਏਹੀ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥*

Scanned with CamScanner

**ਗੁਰੂ**:- ਗੁਰੂ ਸ਼ਬਦ ਸੰਸਕ੍ਰਿਤ ਦਾ ਹੈ ਜਿਸ ਦਾ ਅਰਥ ਹੈ-ਯਤਨ ਕਰਨਾ, ਮਾਰਨਾ, ਉੱਚਾ ਕਰਨਾ ਆਦਿ। ਗੁਰੂ ਸ਼ਬਦ ਦੀ ਵਰਤੋਂ ਉਪਨਿਸ਼ਦ ਕਾਲ ਤੋਂ ਹੁੰਦੀ ਆਈ ਹੈ, ਜਿਸ ਵਿਚ ਗੁਰੂ ਦਾ ਅਰਥ ਧਾਰਮਿਕ ਸਿੱਖਿਆ ਦੇਣ ਵਾਲਾ ਜਾਂ ਆਤਮ-ਗਿਆਨ ਦੇਣ ਵਾਲਾ ਹੈ।

**ਭਾਈ ਕਾਹਨ ਸਿੰਘ ਨਾਭਾ** ਨੇ ਗੁਰੂ ਸ਼ਬਦ ਦੀ ਪੈਰਿਭਾਸ਼ਾ ਇਸ ਤਰ੍ਹਾਂ ਦਿੱਤੀ ਹੈ, "ਅਗਿਆਨ ਵਿਨਾਸ਼ਕ ਸਤ ਅਤੇ ਹਿੱਤ ਉਪਦੇਸ਼ਣਾ ਦਾ ਨਾਉਂ ਗੁਰੂ ਹੈ।"

ਗੁਰਬਾਣੀ ਵਿਚ ਗੁਰੂ ਸ਼ਬਦ ਦੀ ਵਰਤੋਂ ਗੁਰੂ ਨਾਨਕ ਦੇਵ ਜੀ ਤੇ ਬਾਕੀ ਨੌਂ ਗੁਰੂ ਸਾਹਿਬਾਨ ਲਈ ਕੀਤੀ ਗਈ ਹੈ, ਇਹ ਸ਼ਬਦ ਅਕਾਲ-ਪੁਰਖ ਲਈ ਵੀ ਵਰਤਿਆ ਗਿਆ ਹੈ। ਜਦੋਂ ਅਕਾਲ ਪੁਰਖ ਸਤਿਗੁਰ ਅੰਦਰ ਨਿਵਾਸ ਕਰਦਾ ਹੈ ਉਸ ਦੇ ਪ੍ਰਕਾਸ਼ ਵਿਚ ਹੀ ਸਿੱਖ ਦੀ ਗੁਰੂ ਅਗਵਾਈ ਕਰਦਾ ਹੈ।

ਗੁਰੂ ਦੇ ਬਿਨਾ ਪ੍ਰਭੂ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ ਅਤੇ ਨਾ ਹੀ ਦੁੱਖਾਂ ਦੀ ਜੜ੍ਹ ਭਰਮ ਤੋਂ ਮੁਕਤੀ ਹੁੰਦੀ ਹੈ। ਗੁਰਬਾਣੀ ਵਿਚ ਗੁਰੂ ਸਾਹਿਬ ਫਰਮਾਉਂਦੇ ਹਨ:-

*ਬਿਨੁ ਸਤਿਗੁਰ ਨਾਮੁ ਨ ਪਾਇਐ ਭਾਈ,*
*ਬਿਨੁ ਨਾਮੇ ਭਰਮੁ ਨ ਜਾਈ॥*

ਸੁੱਖ ਸ਼ਾਂਤੀ ਪ੍ਰਾਪਤ ਕਰਨ ਲਈ ਮਨੁੱਖ ਨੂੰ ਕਾਮ, ਕਰੋਧ, ਲੋਭ, ਮੋਹ, ਹੰਕਾਰ ਆਦਿ ਨੂੰ ਵੱਸ ਵਿਚ ਕਰਨਾ ਪੈਂਦਾ ਹੈ। ਇਸ ਦੇ ਲਈ ਉਸ ਨੂੰ ਗੁਰੂ ਦੀ ਜ਼ਰੂਰਤ ਹੁੰਦੀ ਹੈ-

*ਜਬਿ ਗੁਰ ਮਿਲਿਆ ਤਬਿ ਮਨੁ ਵਸਿ ਆਇਆ॥*
*ਧਾਵਤ ਪੰਚ ਰਹੇ ਹਰਿ ਧਿਆਇਆ॥*

ਇਕ ਵਿਦਵਾਨ ਅਨੁਸਾਰ ਗੁਰਬਾਣੀ ਵਿਚ ਗੁਰੂ ਨੂੰ ਮੁਕਤੀ ਦਾਤਾ, ਸੰਸਾਰ ਪਾਲਕ ਦੱਸਿਆ ਗਿਆ ਹੈ। ਗੁਰਬਾਣੀ ਦੀਆਂ ਹੇਠ ਲਿਖੀਆਂ ਸਤਰਾਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ-

*"ਗਿਆਨ ਕਾ ਬਧਾ ਮਨੁ ਰਹੈ,*
*ਗੁਰ ਬਿਨੁ ਗਿਆਨੁ ਨ ਹੋਇ ॥"*

ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਵਿਚ ਆਖਦੇ ਹਨ ਕਿ ਮਨੁੱਖ ਗੁਰੂ ਦੀ ਸ਼ਰਨ ਵਿਚ ਜਾ ਕੇ ਦੇਵਤਾ ਬਣ ਜਾਂਦਾ ਹੈ ਜਿਵੇਂ:-

*ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦਿ ਵਾਰ॥*
*ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥*

ਗੁਰਬਾਣੀ ਵਿਚ ਕਿਹਾ ਗਿਆ ਹੈ ਕਿ ਗੁਰੂ ਦੁਆਰਾ ਹੀ ਭਗਤੀ ਦੀ ਪ੍ਰਾਪਤੀ ਹੁੰਦੀ ਹੈ-

*ਸਤਿਗੁਰੁ ਹੋਇ ਦਿਆਲੁ ਤ ਨਾਮੁ ਧਿਆਇਐ॥*

**ਸ੍ਰਿਸ਼ਟੀ ਜਾਂ ਜਗਤ**:- ਸ੍ਰਿਸ਼ਟੀ ਜਾਂ ਜਗਤ ਦੀ ਰਚਨਾ ਬਾਰੇ ਵੱਖ-ਵੱਖ ਮਤਾਂ ਨੇ ਵੱਖ-ਵੱਖ ਕਾਰਨ ਦੱਸੇ ਹਨ। ਕੁਝ ਵਿਦਵਾਨਾਂ ਅਨੁਸਾਰ, ਸੰਸਾਰ ਦੀ ਰਚਨਾ ਉਸ ਸਮੇਂ ਹੁੰਦੀ ਹੈ ਜਦੋਂ ਮਾਇਆ ਬ੍ਰਹਮ ਨੂੰ ਵਿਆਪਦੀ ਹੈ। ਕੁਝ ਜੀਵ ਰਚਨਾ ਨੂੰ ਇਸ ਦਾ ਕਾਰਣ ਮੰਨਦੇ ਹਨ। ਗੁਰੂ ਸਾਹਿਬ ਨੇ ਸ੍ਰਿਸ਼ਟੀ ਨੂੰ ਕਰਤਾ ਤੇ ਖੇਡ ਮੰਨਿਆ ਹੈ, ਗੁਰੂ ਜੀ ਫ਼ਰਮਾਉਂਦੇ ਹਨ-

*ਆਪਨ ਖੇਲ ਆਪ ਵਰਤੀਜਾ।*
*ਨਾਨਕ ਕਰਨੈਹਾਰ ਨ ਦੂਜਾ॥*

**ਭਗਵਤ ਗੀਤਾ** ਵਿਚ ਵੀ ਭਗਵਾਨ ਕ੍ਰਿਸ਼ਨ ਨੇ ਸ੍ਰਿਸ਼ਟੀ ਦੀ ਰਚਨਾ ਬਾਰੇ ਕਿਹਾ ਹੈ, "ਮੈਂ ਸੰਪੂਰਣ ਜਗਤ ਦੀ ਉੱਤਪਤੀ ਅਤੇ ਪਰਲੋ ਦਾ ਰੂਪ ਅਰਥਾਤ ਸੰਪੂਰਣ ਜਗਤ ਦਾ ਮੂਲ ਕਾਰਣ ਹਾਂ।"

**ਸਾਂਖ ਦਰਸ਼ਨ** ਅਨੁਸਾਰ "ਪ੍ਰਕਿਰਤੀ ਹੀ ਜਗਤ ਦਾ ਆਦਿ ਅਤੇ ਮੂਲ ਕਾਰਣ ਹੈ, ਇਸੇ ਤੋਂ ਹੀ ਜਗਤ ਦੀ ਉੱਤਪਤੀ ਹੁੰਦੀ ਹੈ ਅਤੇ ਪਰਲੋ ਕਾਲ ਵਿਚ ਇਹ ਪ੍ਰਕਿਰਤੀ ਵਿਚ ਹੀ ਵਿਲੀਨ ਹੋ ਜਾਂਦੀ ਹੈ।"

**ਆਦਿ ਗ੍ਰੰਥ** ਵਿਚ ਰਾਮਾਨੁਜ ਵਾਂਗ, ਇਸ ਜਗਤ ਨੂੰ ਵਾਸਤਵਿਕ ਮੰਨਿਆ ਗਿਆ ਹੈ। ਗੁਰੂ ਸਾਹਿਬ ਫ਼ਰਮਾਉਂਦੇ ਹਨ:-

*ਸਚੇ ਤੇਰੇ ਖੰਡ ਸਚੇ ਬ੍ਰਹਿਮੰਡ*
*ਸਚੇ ਤੇਰੇ ਲੋਅ ਸਚੇ ਆਕਾਰ ॥*

ਅਕਾਲ-ਪੁਰਖ ਦੀ ਇੱਛਾ ਤੋਂ ਹੀ ਸ੍ਰਿਸ਼ਟੀ ਦੀ ਰਚਨਾ ਹੁੰਦੀ ਹੈ। ਸ੍ਰਿਸ਼ਟੀ ਦੀ ਰਚਨਾ ਕਦੋਂ ਹੋਈ, ਇਸ ਬਾਰੇ ਵੀ ਸਭ ਕੁਝ ਬ੍ਰਹਮ ਹੀ ਜਾਣਦਾ ਹੈ, ਗੁਰਬਾਣੀ ਦੀਆਂ ਹੇਠ ਲਿਖੀਆਂ ਸਤਰਾਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ :-

*ਥਿਤਿ ਵਾਰੁ ਨਾ ਜੋਗੀ ਜਾਣੈ, ਰੁਤਿ ਮਾਹ ਨਾ ਕੋਈ॥*
*ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥*

ਗੁਰਬਾਣੀ ਵਿਚ ਕਿਹਾ ਗਿਆ ਹੈ ਕਿ ਅਕਾਲ ਪੁਰਖ ਦੇ ਹੁਕਮ ਨਾਲ ਹੀ ਜਗਤ ਦੀ ਉੱਤਪਤੀ ਹੋਈ ਹੈ, ਜਿਵੇਂ:-

*ਹੁਕਮਿ ਹੋਵਨਿ ਆਕਾਰ, ਹੁਕਮੁ ਨ ਕਹਿਆ ਜਾਈ॥*

ਬ੍ਰਹਮ ਦੇ ਹੁਕਮ ਵਿਚ ਜਗਤ ਦਾ ਨਿਰਮਾਣ ਚਲਦਾ ਰਹਿੰਦਾ ਹੈ, ਜਿਸ ਵਿਚ ਪੁਰਾਣੇ ਨਾਸ਼ ਹੋ ਜਾਂਦੇ ਹਨ ਤੇ ਨਵੇਂ ਹੋਰ ਆ ਜਾਂਦੇ ਹਨ-

*ਜੋ ਦੀਸੈ ਸੋ ਚਾਲਨਹਾਰੁ ਹੈ, ਦ੍ਰਿਸ਼ਟਿਮਾਨ ਹੈ ਸਗਲ ਮਿਥੇ ਨਾ ॥*

**ਮਾਇਆ**:- ਮਾਇਆ ਸ਼ਬਦ ਦੇ ਅਨੇਕ ਅਰਥ ਹਨ ਜਿਵੇਂ ਅਦਭੁੱਤ ਸ਼ਕਤੀ, ਦੈਵੀ ਸ਼ਕਤੀ, ਛਲ ਅਤੇ ਕਪਟ ਆਦਿ। ਇਹ ਸ਼ਬਦ ਰਿਗਵੇਦ ਜਿੰਨਾ ਹੀ ਪੁਰਾਣਾ ਹੈ।

**ਨਾਲੰਦਾ** ਹਿੰਦੀ ਸ਼ਬਦ ਕੋਸ਼ ਵਿਚ ਮਾਇਆ ਲਈ ਕਪਟ, ਮੋਹ, ਲਕਸ਼ਮੀ, ਜਾਦੂ ਸ਼ਕਤੀ, ਮਮਤਾ, ਅਗਿਆਨਤਾ ਆਦਿ ਸ਼ਬਦ ਪ੍ਰਯੋਗ ਕੀਤੇ ਮਿਲਦੇ ਹਨ।

ਮਾਇਆ ਲਈ ਉਪਨਿਸ਼ਦਾਂ ਵਿਚ ਪ੍ਰਚੰਡ ਸ਼ਬਦ ਵਰਤਿਆ ਗਿਆ ਹੈ, ਜਿਸ ਕਾਰਨ ਸਤਿ ਗਿਆਨ ਦਾ ਅਨੁਭਵ

Scanned with CamScanner

ਮੁਸ਼ਕਿਲ ਹੋ ਜਾਂਦਾ ਹੈ। ਮਾਇਆ ਦਾ ਪ੍ਰਭਾਵ ਜੀਵ ਅਤੇ ਜਗਤ 'ਤੇ ਪੈਂਦਾ ਹੈ।

ਗੀਤਾ ਵਿਚ ਮਾਇਆ ਨੂੰ ਅਵਿੱਦਿਆ ਤੇ ਭਰਮ ਕਿਹਾ ਗਿਆ ਹੈ।

ਗੁਰਬਾਣੀ ਵਿਚ ਮਾਇਆ ਨੂੰ ਇਕ ਵਿਕਰਾਲ ਇਸਤਰੀ ਕਿਹਾ ਗਿਆ ਹੈ, ਜਿਸ ਨੇ ਠੱਗੀ ਨਾਲ ਸਾਰੇ ਸੰਸਾਰ ਨੂੰ ਕਾਬੂ ਵਿਚ ਕੀਤਾ ਹੋਇਆ ਹੈ। ਮਾਇਆ ਇਕ ਛਲ, ਧੋਖਾ ਤੇ ਕਪਟ ਹੈ। ਮਾਇਆ ਨੂੰ ਚਾਹੇ ਕਿਸੇ ਦੇਖਿਆ ਸੁਣਿਆ ਨਹੀਂ ਫਿਰ ਵੀ ਇਹ ਸਭ ਨੂੰ ਮਿੱਠੀ ਲੱਗਦੀ ਹੈ।

ਗੁਰੂ ਅਮਰਦਾਸ ਜੀ ਮਾਇਆ ਦੇ ਸੰਬੰਧ ਵਿਚ ਇਕ ਪ੍ਰਸ਼ਨ ਕਰਕੇ ਨਾਲ ਹੀ ਉਸ ਦਾ ਉੱਤਰ ਆਪ ਹੀ ਦਿੰਦੇ ਹਨ-

*"ਮਾਇਆ ਕਿਸਨੋ ਆਖੀਐ ਕਿਆ ਮਾਇਆ ਕਰਮ ਕਮਾਇ।*
*ਦੁਖ ਸੁਖ ਜੀਉ ਬਧ ਹੈ ਹਉਮੈ ਕਰਮ ਕਮਾਇ॥"*

ਜੋ ਲੋਕ ਮਾਇਆ ਵਿਚ ਮਸਤ ਰਹਿੰਦੇ ਹਨ, ਉਹ ਮੂਰਖ ਤੇ ਅਗਿਆਨੀ ਹੁੰਦੇ ਹਨ, ਜੋ ਦਿਨ ਰਾਤ ਇਸੇ ਕਾਰਨ ਭਟਕਦੇ ਰਹਿੰਦੇ ਹਨ। ਗੁਰਬਾਣੀ ਅਨੁਸਾਰ-

*ਨਿਸ ਦਿਨਿ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ॥*

**ਡਾ. ਸੁਰਿੰਦਰ ਸਿੰਘ ਕੋਹਲੀ** ਅਨੁਸਾਰ, "ਮਾਇਆ ਦਾ ਸੰਸਾਰ ਤਿੰਨ ਗੁਣਾਂ ਦਾ ਸੰਸਾਰ ਹੈ। ਇਨ੍ਹਾਂ ਤਿੰਨ ਗੁਣਾਂ ਨੂੰ ਤਮੋ, ਰਜੋ ਤੇ ਸਤੋ ਕਹਿੰਦੇ ਹਨ। ਜਦੋਂ ਇਹਨਾਂ ਤਿੰਨਾਂ ਗੁਣਾਂ ਵਿਚ ਸਮਤੋਲ ਹੁੰਦਾ ਹੈ ਤਾਂ ਪ੍ਰਭੂ ਦੀ ਮਾਇਆ ਸਤਿ ਹੁੰਦੀ ਹੈ ਤੇ ਕੋਈ ਵੀ ਕਾਰਜ ਨਹੀਂ ਹੋ ਰਿਹਾ ਹੁੰਦਾ।"

ਗੁਰੂ ਨਾਨਕ ਦੇਵ ਜੀ ਨੇ ਮਾਇਆ ਨੂੰ ਵਿਭਚਾਰਣ ਆਖਿਆ ਹੈ-

*ਮਾਇਆ ਮੋਹੁ ਪਰਕਟੀ ਨਾਰਿ॥ ਭੂੰਡੀ ਕਾਮਣਿ ਕਾਮਣਿਆਰਿ॥*

ਗੁਰਬਾਣੀ ਵਿਚ ਮਾਇਆ ਤੋਂ ਛੁਟਕਾਰਾ ਪਾਉਣ ਦਾ ਇਕ ਸਾਧਨ ਸੰਤਾਂ ਦਾ ਸੰਗ ਤੇ ਪ੍ਰਭੂ ਦੀ ਕਿਰਪਾ ਨੂੰ ਹੀ ਦੱਸਿਆ ਹੈ। ਗੁਰਬਾਣੀ ਅਨੁਸਾਰ:-

*ਮਾਇਆ ਦਾਸੀ ਭਗਤਾਂ ਦੀ ਕਾਰ ਕਮਾਵੈ॥*

**ਮੁਕਤੀ**:- ਮੁਕਤੀ ਸ਼ਬਦ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ- ਜੀਵਨ ਅਤੇ ਮੁਕਤੀ ਜਿਸ ਦਾ ਭਾਵ ਹੈ ਵਿਅਕਤੀ ਦੇ ਜੀਵਨ ਕਾਲ ਵਿਚ ਹੀ ਪ੍ਰਾਪਤ ਹੋਣ ਵਾਲੀ ਮੁਕਤੀ (Mukti)। ਮੁਕਤੀ ਦੀ ਪਰਿਭਾਸ਼ਾ ਭਿੰਨ-ਭਿੰਨ ਮਤਾਂ ਨੇ ਭਿੰਨ-ਭਿੰਨ ਦਿੱਤੀ ਹੈ। ਜੈਨ ਧਰਮ ਵਿਚ ਮੁਕਤੀ ਤੋਂ ਭਾਵ ਸਰੀਰਕ ਕਰਮਾਂ ਦੇ ਬੰਧਨਾਂ ਤੋਂ ਆਤਮਾ ਦਾ ਛੁਟਕਾਰਾ ਹੈ।

**ਪਾਤੰਜਲੀ** ਦੇ ਯੋਗ ਦਰਸ਼ਨ ਵਿਚ ਲਿਖਿਆ ਹੈ ਕਿ ਪੁਰਸ਼ ਦੀ ਆਪਣੇ ਨਿਰਮਲ ਚੇਤੰਨ ਵਿਚ ਸਥਿਤੀ ਹੀ ਮੁਕਤੀ ਹੈ।

ਗੁਰਮਤਿ-ਕਾਵਿ ਵਿਚ ਮੁਕਤੀ ਲਈ ਕਈ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ ਜਿਵੇਂ:- ਮੋਖ, ਪਰਮਪਦ, ਅਮਰਪਦ, ਨਿਰਬਾਣ ਪਦ, ਨਿਰਭੈ ਪਦ, ਬੈਕੁੰਠਿ, ਗਤਿ ਅਤੇ ਮੁਕਤਿ ਪੰਥ ਆਦਿ। ਗੁਰਮਤਿ ਅਨੁਸਾਰ ਸੰਸਾਰਕ ਬੰਧਨਾਂ ਤੋਂ ਛੁਟਕਾਰਾ ਹੀ ਮੁਕਤੀ ਹੈ। ਇਹ ਛੁਟਕਾਰਾ ਗੁਰੂ ਦੇ ਮੇਲ ਦੁਆਰਾ ਹੀ ਹੋ ਸਕਦਾ ਹੈ ਜਿਵੇਂ:-

*ਗੁਰੁ ਮਿਲੀਐ ਖਸਮੁ ਪਛਾਣੀਐ, ਕਹੁ ਨਾਨਕ ਮੋਖ ਦੁਆਰੁ॥*

ਗੁਰਬਾਣੀ ਵਿਚ ਜੀਵਨ ਮੁਕਤ ਦੀ ਪਛਾਣ ਗੁਰਮੁਖ ਹੈ, ਜਿਸ ਨੂੰ ਅੰਤਰੀਵ ਤੌਰ 'ਤੇ ਆਤਮਿਕ ਇਕਸੁਰਤਾ ਦਾ ਅਨੁਭਵ ਹੋ ਚੁੱਕਾ ਹੈ, ਉਹ ਰੋਜ਼ਾਨਾ ਜੀਵਨ ਵਿਚ ਸੰਸਾਰਕ ਮੰਡਲ ਤੋਂ ਅਧਿਆਤਮਕ ਮੰਡਲ ਵਿਚ ਨਿਰਸੰਕੋਚ ਵਿਚਰਦਾ ਹੈ:-

*ਗੁਰਮੁਖ ਆਵਹਿ ਜਾਹਿ ਨਿਸੰਗ॥*

ਗੁਰਬਾਣੀ ਅਨੁਸਾਰ ਮੁਕਤੀ ਦੀ ਪ੍ਰਾਪਤੀ ਸਤਿ ਸੰਗਤ ਕਰਨ ਨਾਲ ਹੁੰਦੀ ਹੈ-

*ਮੁਕਤੀ ਪਾਇਐ ਸਾਧ ਸੰਗਤਿ ਬਿਨਸ ਜਾਇ ਅੰਧਾਰੁ॥*

ਗੁਰੂ ਸਾਹਿਬਾਨ ਨੇ ਮੁਕਤੀ ਪ੍ਰਾਪਤੀ ਲਈ ਨਾਮ ਸਿਮਰਨ 'ਤੇ ਜ਼ੋਰ ਦਿੱਤਾ ਹੈ। ਉਹ ਆਖਦੇ ਹਨ:-

*ਜਿਸੁ ਅੰਤਰਿ ਪ੍ਰੀਤਿ ਲਾਗੈ ਸੋ ਮੁਕਤਾ॥*

**ਸਦਾਚਾਰਕ ਵਿਚਾਰ**:- ਸਦਾਚਾਰ ਸ਼ਾਸਤਰ ਵਿਚ ਭਾਵੇਂ ਜੀਵਨ-ਜਾਚ ਦੇ ਸਿੱਧਾਂਤਾਂ ਨੂੰ ਬਹੁਤ ਸਾਰੇ ਪੱਖਾਂ ਤੋਂ ਵਿਚਾਰਿਆ ਗਿਆ ਹੈ, ਪਰ ਇਸ ਵਿਚ ਦੋ ਗੱਲਾਂ ਪ੍ਰਮੁੱਖ ਹਨ- ਕੀ ਕੁਝ ਕਰਨ ਯੋਗ ਹੈ ਤੇ ਕੀ ਕੁਝ ਨਾ ਕਰਨ ਯੋਗ। ਕੀ ਠੀਕ ਹੈ ਤੇ ਕੀ ਗ਼ਲਤ ਹੈ? ਅਧਿਆਤਮਵਾਦੀ ਵਿਚਾਰਧਾਰਾ ਦੇ ਨਾਲ-ਨਾਲ ਗੁਰੂ ਗ੍ਰੰਥ ਸਾਹਿਬ ਵਿਚ ਸਦਾਚਾਰਵਾਦੀ ਵਿਚਾਰ ਵੀ ਵੇਖਣ ਨੂੰ ਮਿਲਦੇ ਹਨ। ਬਾਣੀਕਾਰ ਜੀਵਨ ਦੀ ਸੰਪੂਰਨਤਾ ਲਈ ਭਗਤੀ ਅਤੇ ਸਦਾਚਾਰ ਦੋਵਾਂ ਨੂੰ ਜ਼ਰੂਰੀ ਸਮਝਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਪ੍ਰਗਟਾਏ ਸਦਾਚਾਰਵਾਦੀ ਵਿਚਾਰਾਂ ਵਿਚੋਂ ਕੁਝ ਪ੍ਰਮੁੱਖ ਵਿਚਾਰ ਹੇਠ ਲਿਖੇ ਅਨੁਸਾਰ ਦਿੱਤੇ ਜਾਂਦੇ ਹਨ:-

(1) **ਵਿਸ਼ੇ-ਵਿਕਾਰਾਂ ਦਾ ਤਿਆਗ:-** ਗੁਰਬਾਣੀ ਵਿਚ ਮਨੁੱਖ ਨੂੰ ਵਿਸ਼ੇ ਵਿਕਾਰਾਂ ਦੇ ਦੋਸ਼ ਤੇ ਔਗੁਣ ਦਰਸਾ ਕੇ ਉਨ੍ਹਾਂ ਦਾ ਤਿਆਗ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ। ਕਾਮ, ਕ੍ਰੋਧ, ਮੋਹ, ਲੋਭ, ਹੰਕਾਰ ਆਦਿ ਵਿਸ਼ੇ ਵਿਕਾਰ ਮਨੁੱਖ ਨੂੰ ਅਕਾਲ-ਪੁਰਖ ਤੋਂ ਦੂਰ ਰੱਖਦੇ ਹਨ ਅਤੇ ਇਹ ਮਨੁੱਖੀ ਸਰੀਰ ਲਈ ਵੀ ਹਾਨੀਕਾਰਕ ਹਨ। ਇਨ੍ਹਾਂ ਵਿਕਾਰਾਂ ਬਾਰੇ ਆਖਿਆ ਗਿਆ ਹੈ-

(ੳ) *ਕਾਮ ਕ੍ਰੋਧ ਕਾਇਆ ਕਉ ਗਾਲੈ।*
*ਜਿਉਂ ਕੰਚਨ ਸੋਹਾਗਾ ਢਾਲੈ।*

(ਅ) ਲੋਭ ਵਿਕਾਰ ਜਿਨਾ ਮਨੁ ਲਾਗਾ,
ਹਰਿ ਵਿਸਰਿਆ ਪੁਰਖੁ ਚੰਗੇਰਾ।

(2) **ਆਸ਼ਾ, ਤ੍ਰਿਸ਼ਨਾ ਤੇ ਦਵੈਖ ਤੋਂ ਦੂਰੀ**:- ਬਾਣੀਕਾਰਾਂ ਨੇ ਮਨੁੱਖ ਨੂੰ ਆਸ਼ਾ, ਤ੍ਰਿਸ਼ਨਾ ਤੇ ਦਵੈਖ ਤੋਂ ਦੂਰ ਰਹਿਣ ਦੀ

Scanned with CamScanner

ਵੀ ਪ੍ਰੇਰਨਾ ਦਿੱਤੀ ਹੈ। ਆਸ਼ਾ ਤੇ ਤ੍ਰਿਸ਼ਨਾ ਅਯੋਗ ਭੁੱਖ ਹੈ। ਇਨ੍ਹਾਂ ਦੀ ਹੋਂਦ ਕਾਰਨ ਮਨ ਵਿਚ ਟਿਕਾਉ ਨਹੀਂ ਆਉਂਦਾ। ਗੁਰੂ ਤੇਗ਼ ਬਹਾਦਰ ਸਾਹਿਬ ਦਾ ਫ਼ਰਮਾਨ ਹੈ:-

*ਸਾਧੋ ਇਹ ਮਨ ਗਹਿਓ ਨ ਜਾਈ*
*ਚੰਚਲ ਤ੍ਰਿਸਨਾ ਸੰਗਿ ਬਸਤ ਹੈ,*
*ਯਾ ਤੇ ਥਿਰ ਨ ਰਹਾਈ।*

(3) **ਕੂੜ ਤੇ ਪਾਖੰਡ ਤੋਂ ਛੁਟਕਾਰਾ:-** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਥਾਵਾਂ ਉੱਤੇ ਮਨੁੱਖ ਨੂੰ ਕੂੜ ਅਤੇ ਪਾਖੰਡ ਤੋਂ ਛੁਟਕਾਰਾ ਪ੍ਰਾਪਤ ਕਰਕੇ ਸੱਚ ਦੇ ਰਾਹ ਉੱਤੇ ਚੱਲਣ ਦੀ ਪ੍ਰੇਰਨਾ ਦਿੱਤੀ ਗਈ ਹੈ। ਕੂੜਿਆਰ ਦਾ ਅੰਤ ਮਾੜਾ ਹੁੰਦਾ ਹੈ:-

(ੳ) *ਝੂਠੇ ਕਉ ਨਾ ਹੀ ਪਤਿ ਨਾਉ।*
*ਕਬਹੁ ਨ ਸੂਚਾ ਕਾਲਾ ਕਾਉ।*

ਇਵੇਂ ਹੀ ਪਾਖੰਡ ਕਾਰਣ ਧਰਮ ਦਾ ਅਸਲ ਪ੍ਰਭਾਵ ਸਮਾਪਤ ਹੋ ਜਾਂਦਾ ਹੈ-

*ਪਾਖੰਡ ਭਗਤਿ ਨ ਹੋਵਈ,*
*ਪਾਰਬ੍ਰਹਮ ਨਾ ਪਾਇਆ ਜਾਇ।*

ਇਸ ਦੇ ਉਲਟ ਸੱਚ ਦਾ ਰਾਹ ਸਭ ਤੋਂ ਉੱਤਮ ਰਾਹ ਹੈ:-

*ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ।"*

(4) **ਵਿਭਚਾਰ ਦਾ ਤਿਆਗ ਅਤੇ ਸਦਾਚਾਰ ਅਪਨਾਉਣਾ:-** ਗੁਰਬਾਣੀ ਵਿਚ ਸਦਾਚਾਰ ਨੂੰ ਸਭ ਤੋਂ ਉੱਪਰ ਦੱਸਿਆ ਗਿਆ ਹੈ। ਜਿਹੜਾ ਪ੍ਰਾਣੀ ਸਦਾਚਾਰੀ ਨਹੀਂ, ਉਹ ਰੱਬ ਤੱਕ ਨਹੀਂ ਪਹੁੰਚ ਸਕਦਾ। ਗੁਰੂ ਸਾਹਿਬ ਦਾ ਫ਼ੁਰਮਾਨ ਹੈ:-

*ਸਚਹੁ ਉਰੈ ਸਭੁ ਕੋ ਉਪਰਿ ਸਚ ਆਚਾਰੁ।*

ਪਰੰਤੂ ਵਿਭਚਾਰ ਨੂੰ ਨਿੰਦਿਆ ਗਿਆ ਹੈ, ਪਰ-ਇਸਤਰੀ ਨਾਲ ਕਾਮੁਕ (ਸਰੀਰਕ) ਸੰਬੰਧ ਸਥਾਪਿਤ ਕਰਨ ਨੂੰ ਗੁਰੂ ਸਾਹਿਬ ਜਹਿਰੀ ਨਾਗ ਤੇ ਨਾਗ ਵਾਸ ਆਖਦੇ ਹਨ:-

*"ਜੈਸਾ ਸੰਗਿ ਬਿਸੀਅਰੁ ਸਿਉ ਹੈ ਰੇ,*
*ਤੈਸਾ ਹੀ ਇਹ ਪਰਗ੍ਰਿਹ।"*

(5) **ਉੱਤਮ ਸੰਗਤਿ:-** ਇਸ ਤੋਂ ਇਲਾਵਾ ਚੰਗੇਰਾ ਤੇ ਪਵਿੱਤਰ ਜੀਵਨ ਗੁਜ਼ਾਰਨ ਲਈ ਉੱਤਮ ਸੰਗਤਿ ਜ਼ਰੂਰੀ ਹੈ। ਭੈੜੀ ਸੰਗਤਿ ਮਨੁੱਖ ਨੂੰ ਡੋਬ ਦਿੰਦੀ ਹੈ ਅਤੇ ਚੰਗੀ ਸੰਗਤਿ ਤਾਰ ਦਿੰਦੀ ਹੈ-

(ੳ) *"ਜਿਉ ਚੰਦਨਿ ਨਿਕਟਿ ਵਸੈ ਹਿਰਡ ਬਪੁੜਾ,*
*ਤਿਉ ਸਤ ਸੰਗਤਿ ਮਿਲਿ ਪਤਿਤ ਪਰਵਾਣੁ।"*

(ਅ) *"ਮੇਰੇ ਮਾਧਉ ਜੀ ਸਤਿ ਸੰਗਤਿ ਮਿਲੈ ਸੁ ਤਰਿਆ।"*

(6) **ਸੇਵਾ:-** ਗੁਰਬਾਣੀ ਵਿਚ ਸੇਵਾ ਦਾ ਵੀ ਬਹੁਤ ਮਹੱਤਵ ਦਰਸਾਇਆ ਗਿਆ ਹੈ। ਇਸ ਨੂੰ ਸਦਾਚਾਰਕ ਰਾਹ 'ਤੇ

Scanned with CamScanner

ਚੱਲਣ ਦਾ ਇਕ ਮਹੱਤਵਪੂਰਨ ਕਦਮ ਆਖਿਆ ਜਾ ਸਕਦਾ ਹੈ। ਗੁਰਬਾਣੀ ਵਿਚ ਸੇਵਾ ਦੇ ਮਹੱਤਵ ਬਾਰੇ ਲਿਖਿਆ ਹੈ:-

*ਸੇਵਾ ਕਰਤ ਹੋਇ ਨਿਹਕਾਮੀ*
*ਤਿਸ ਕਉ ਹੋਤ ਪਰਾਪਤਿ ਸੁਆਮੀ*

*ਅਤੇ*

*ਮੈਂ ਬੰਧੀ ਸਚ ਧਰਮਸਾਲ ਹੈ।*
*ਗੁਰ ਸਿਖਾ ਲਾਹਦਾ ਭਾਲਿਕੈ।*
*ਪੈਰ ਧੋਵਾ ਪਖਾ ਫੇਰਾ ਤਿਸ*
*ਨਿਵਿ ਨਿਵਿ ਲਗਾ ਪਾਂਇ ਜੀਉ।*

**ਸਿੱਟਾ**:- ਸਿੱਟੇ ਵਜੋਂ ਆਖਿਆ ਗਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚਲੇ ਵਿਚਾਰ-ਪ੍ਰਬੰਧ ਨੂੰ ਅਸੀਂ ਦੋ ਭਾਗਾਂ ਵਿਚ ਵੰਡ ਸਕਦੇ ਹਾਂ-ਪਹਿਲੇ ਅਧਿਆਤਮਕ ਵਿਚਾਰ ਅਤੇ ਦੂਜੇ ਸਦਾਚਾਰਕ ਵਿਚਾਰ। ਬਾਣੀਕਾਰ ਨੇ ਦੋਵਾਂ ਵਿਚਾਰਾਂ ਨੂੰ ਬਹੁਤ ਦਲੀਲਮਈ ਢੰਗ ਨਾਲ ਆਪਣੀ ਬਾਣੀ ਵਿਚ ਪਰੋਇਆ ਹੈ। ਅਜਿਹੇ ਵਿਚਾਰਾਂ ਉੱਤੇ ਚਲ ਕੇ ਮਨੁੱਖ ਦਾ ਇਸ ਲੋਕ ਅਤੇ ਪਰਲੋਕ ਦੋਵਾਂ ਲੋਕਾਂ ਵਿਚ ਕਲਿਆਣ ਹੋ ਸਕਦਾ ਹੈ।

Scanned with CamScanner